This question paper contains 3 printed pages]

*Your Roll No*...............

**7865**

# DIPLOMA A

PUNJABI–Paper I

(Functional Punjabi, Translation and Composition)

*Time* : 3 *Hours* *Maximum Marks* : 100

(*Write your Roll No. on the top immediately on receipt of this question paper.*)

ਨੋਟ :–ਹਰੇਕ ਪ੍ਰਸ਼ਨ ਦਾ ਉੱਤਰ ਦੇਣਾ ਜ਼ਰੂਰੀ ਹੈ । ਸ਼ੁੱਧ ਅਤੇ ਸਪੱਸ਼ਟ ਲਿਖੋ :

1. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਬਾਰੇ ਲੇਖ ਲਿਖੋ : 25

'ਕੋਮਨ ਵੈਲਥ' ਖੇਡਾਂ, ਮਹਿੰਗਾਈ : ਇਕ ਸਮੱਸਿਆ, ਵਿਦਿਆਰਥੀ ਅਤੇ ਫੈਸ਼ਨ, ਨੈਤਿਕਤਾ ਦਾ ਪਤਨ : ਦੇਸ਼ ਦਾ ਪਤਨ, ਹੋਲੀ ਦਾ ਤਿਉਹਾਰ, ਗੁਰੂ ਨਾਨਕ ਦੇਵ ।

2. ਪੁਲਿਸ ਕਮਿਸ਼ਨਰ ਨੂੰ ਆਪਣੇ ਇਲਾਕੇ ਵਿਚ ਰਾਤ ਨੂੰ ਪੁਲਸ ਦੀ ਗਸ਼ਤ ਆਰੰਭ ਕਰਾਉਣ ਲਈ ਬੇਨਤੀ ਪੱਤਰ ਲਿਖੋ ।

ਜਾਂ

ਹੋਸਟਲ ਵਿਚ ਰਹਿੰਦੇ ਛੋਟੇ ਭਰਾ ਨੂੰ ਪੱਤਰ ਰਾਹੀਂ ਚਿਤਾਵਨੀ ਦਿਓ ਕਿ ਉਹ ਹੋਸਟਲ ਦੇ ਨਿਯਮਾਂ ਦੀ ਪਾਲਣਾ ਕਰੇ । 15

3. ਹੇਠ ਲਿਖੇ ਪੈਰ੍ਹੇ ਨੂੰ ਇਕ ਤਿਹਾਈ ਸ਼ਬਦਾਂ ਵਿਚ ਸੰਖੇਪ ਕਰਕੇ ਲਿਖੋ : 10

"ਭਾਰਤ ਇਕ ਵਿਸ਼ਾਲ ਦੇਸ ਹੈ । ਸਭਿਆਚਾਰਕ ਤੌਰ ਤੇ ਭਾਵੇਂ ਸਾਡਾ ਦੇਸ ਇਕਮੁੱਠ ਹੈ, ਪਰ ਹਾਲੀ ਅਸੀਂ ਉਹ ਬੰਧਨ ਪੱਕੇ ਕਰਨੇ ਹਨ ਜੋ ਇਸ ਨੂੰ ਇਕ ਸ਼ਕਤੀਸ਼ਾਲੀ ਅਤੇ ਉੱਨਤ ਰਾਸ਼ਟਰ ਬਣਾ ਸਕਣਗੇ । ਸਾਡੇ ਦੇਸ਼ ਵਿਚ ਅਨੇਕ ਭਾਸ਼ਾਵਾਂ ਹਨ । ਏਨੀਆਂ ਭਾਸ਼ਾਵਾਂ ਸ਼ਾਇਦ

P.T.O.

ਦੁਨੀਆਂ ਦੇ ਕਿਸੇ ਹੋਰ ਦੇਸ਼ ਵਿਚ ਨਹੀਂ ਹਨ । ਪਰ, ਮੰਦੇ ਭਾਗਾਂ ਨੂੰ ਅਸੀਂ ਆਪਣੀ ਗੁਆਂਢੀ ਭਾਸ਼ਾ ਅਥਵਾ ਭਾਸ਼ਾਵਾਂ ਵਿਚ ਬਹੁਤ ਘੱਟ ਦਿਲਚਸਪੀ ਲੈਂਦੇ ਹਾਂ । ਇਸ ਲਈ ਸਾਨੂੰ ਉਹਨਾਂ ਦੇ ਅਨਮੋਲ ਭੰਡਾਰਾਂ ਦਾ ਗਿਆਨ ਨਹੀਂ ਹੁੰਦਾ । ਇਸ ਦੇ ਮੁਕਾਬਲੇ ਅਸੀਂ ਅੰਗਰੇਜ਼ੀ, ਫਰਾਂਸੀਸੀ ਅਤੇ ਜਰਮਨ ਆਦਿ ਭਾਸ਼ਾਵਾਂ ਦੇ ਸਾਹਿਤ ਅਤੇ ਯੂਰਪੀਨ ਸਭਿਆਚਾਰਾਂ ਤੋਂ ਵਧੇਰੇ ਚੰਗੀ ਤਰ੍ਹਾਂ ਜਾਣੂ ਹਾਂ । ਦੇਸ਼ ਦੇ ਭਾਵਕ ਅਤੇ ਸਭਿਆਚਾਰਕ ਸੰਗਠਨ ਲਈ ਬੜਾ ਜ਼ਰੂਰੀ ਹੈ ਕਿ ਦੇਸ਼ ਦੇ ਨਾਗਰਿਕ ਦੂਜੀਆਂ ਭਾਸ਼ਾਵਾਂ ਦੀਆਂ ਉੱਤਮ ਰਚਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ ।"

4. ਹੇਠ ਲਿਖੇ ਸਿਰਲੇਖਾਂ ਵਿਚੋਂ ਕਿਸੇ ਇਕ ਬਾਰੇ 200 ਸ਼ਬਦਾਂ ਵਿਚ ਫ਼ੀਚਰ ਲਿਖੋ ਜਾਂ ਟਿੱਪਣੀ ਕਰੋ : 15

ਹੱਸਣਾ ਜ਼ਰੂਰੀ ਹੈ, ਬਚਤ ਦਾ ਮਹੱਤਵ, ਮਾਂ ਬੋਲੀ ।

5. ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਵਿਚ ਅਨੁਵਾਦ ਕਰੋ : 25

"Have you ever noticed that it is in the difficult times that we grow stronger ? That's when we are being stretched. That's when God is developing our character and preparing us for promotion. We may not like it, stretching can sometime be uncomfortable. But if we can keep the right attitude, we can come out better than we were before."

6. ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਵਿਚੋਂ ਕੇਵਲ ਪੰਜਾਂ ਨੂੰ ਵਾਕਾਂ ਵਿਚ ਵਰਤੋ :

ਤੀਰ ਹੋ ਜਾਣਾ, ਪਾਣੀ ਰਿੜ੍ਹਕਣਾ, ਉਲਟੀ ਵਾੜ ਖੇਤ ਨੂੰ ਖਾਇ, ਬਗਲ ਵਿਚ ਛੁਰੀ-ਮੂੰਹ ਵਿਚ ਰਾਮ ਰਾਮ, ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜੀ, ਮਨ ਹਰਾਮੀ ਹੁੱਜਤਾਂ ਢੇਰ, ਇਹ ਮੂੰਹ ਤੇ ਮਸਰਾਂ ਦੀ ਦਾਲ, ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ । 10